**ਸਤੰਬਰ-2023** **ਵਿਸ਼ਾ-ਪੰਜਾਬੀ ਪੇਪਰ-ਬੀ (CWSN)** **ਦਸਵੀਂ ਸ਼੍ਰੇਣੀ**

**ਸਮਾਂ- 3 ਘੰਟੇ** **ਕੁੱਲ ਅੰਕ - 65 ਅੰਕ**

ਨੋਟ : ਸਾਰੇ ਪ੍ਰਸ਼ਨ ਜਰੂਰੀ ਹਨ। ਪ੍ਰਸ਼ਨਾਂ ਦੇ ਉੱਤਰ ਪਾਠ-ਪੁਸਤਕਾਂ ਤੇ ਅਧਾਰਿਤ ਹੋਣੇ ਚਾਹੀਦੇ ਹਨ।

**1. ਸੁੰਦਰ ਲਿਖਾਈ** **05**

**ਵਸਤੂਨਿਸ਼ਠ ਪ੍ਰਸ਼ਨ** **15×2 = 30**

**ਭਾਗ - (ੳ) ਬਹੁਚੋਣਵੇਂ ਪ੍ਰਸ਼ਨ:**

**(2)** ਪੰਜਾਬੀ ਦੀ ਟਕਸਾਲੀ ਬੋਲੀ ਕਿਹੜੀ ਹੈ?

(ੳ) ਮਾਝੀ (ਅ) ਮਲਵਈ (ੲ) ਦੁਆਬੀ (ਸ) ਪੁਆਧੀ

**(3)** ) ਵਿਆਕਰਨ ਦੇ ਮੁੱਖ ਅੰਗ ਕਿੰਨੇ ਹਨ?

(ੳ) 5 (ਅ) 4 (ੲ) 3 (ਸ) 2

**(4)** ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?

(ੳ) 50 (ਅ) 75 (ੲ) 22 (ਸ) 10

**(5)** ਫ਼ਰੀਦਕੋਟ ਜਿਲ੍ਹੇ ਵਿੱਚ ਕਿਹੜੀ ਉਪ-ਭਾਸ਼ਾ ਬੋਲੀ ਜਾਂਦੀ ਹੈ?

(ੳ) ਮਾਝੀ (ਅ) ਮਲਵਈ (ੲ) ਦੁਆਬੀ (ਸ) ਪੁਆਧੀ

**ਭਾਗ - (ਅ) ਖ਼ਾਲੀ ਥਾਵਾਂ ਭਰੋ :**

**(6)** ਕਿਸੇ ਭਾਸ਼ਾ ਵਿੱਚ ਕੰਮ ਕਰਦੇ ਨਿਯਮਾਂ ਨੂੰ ਸਮਝਣ ਵਾਲੀ ਵਿੱਦਿਆ ਨੂੰ __________ਕਹਿੰਦੇ ਹਨ।

**(7)** ਪੰਜਾਬੀ ਦੀਆਂ ਕੋਈ ਦੋ ਉਪਭਾਸ਼ਾਵਾਂ ਦੇ ਨਾਂ___________ਅਤੇ____________ ਹਨ।

**(8)** ਵਿਆਕਰਨ ਦੇ ਜਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ __________ ਕਹਿੰਦੇ ਹਨ।

**(9)** ਵਚਨ ________ ਪ੍ਰਕਾਰ ਦੇ ਹੁੰਦੇ ਹਨ।

**ਭਾਗ - (ੲ) ਸਹੀ-ਗ਼ਲਤ :**

**(10)** ਕਾਲ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ।

**(11)** ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਵਾਕ ਹੈ।

**(12)** ਲੁਧਿਆਣਾ ਜਿਲ੍ਹੇ ਵਿੱਚ ਮਾਝੀ ਉਪ-ਭਾਸ਼ਾ ਬੋਲੀ ਜਾਂਦੀ ਹੈ।

**(13)** ਵਿਆਕਰਨ ਦੇ ਜਿਸ ਭਾਗ ਅਧੀਨ ਧੁਨੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਉਸ ਨੂੰ ਧੁਨੀ-ਬੋਧ ਕਹਿੰਦੇ ਹਨ ।

**ਭਾਗ - (ਸ) ਸਹੀ-ਮਿਲਾਣ ਕਰੋ:**

| | |
|---|---|
| **(14)** ਬਠਿੰਡਾ | ਮਾਝੀ |
| **(15)** ਤਰਨਤਾਰਨ | ਦੁਆਬੀ |
| **(16)** ਜਲੰਧਰ | ਮਲਵਈ |

**17. ਕਿਸੇ ਇੱਕ ਵਿਸ਼ੇ ਦੀਆਂ ਖ਼ਾਲੀ ਥਾਵਾਂ ਭਰੋ :** **6**

**<u>ਪ੍ਰਦੂਸ਼ਣ ਦੀਆਂ ਕਿਸਮਾਂ</u>**

ਸਮੁੱਚੇ ਵਾਤਾਵਰਨ ਦੇ ਅਧਿਐਨ ਦੇ ਆਧਾਰ ਉੱਤੇ ਪਾਣੀ____, ਹਵਾ, ਭੂਮੀ ਅਤੇ ਸ਼ੋਰ-ਪ੍ਰਦੂਸ਼ਣ ਮੁੱਖ ਮੰਨੇ ਜਾਂਦੇ ਹਨ। ਪਾਣੀ-ਪ੍ਰਦੂਸ਼ਣ ਦੀ ਸਥਿਤੀ ਜ਼ਿਆਦਾ ਭਿਆਨਕ ਹੈ। ਵੱਡੇ-ਵੱਡੇ ਕਾਰਖ਼ਾਨਿਆਂ_________ ਵਿੱਚ ਰਹਿੰਦ-ਖੂੰਹਦ ਵਜੋਂ ਪੈਦਾ ਹੋਣ ਵਾਲੇ ਰਸਾਇਣਿਕ ਪਦਾਰਥ, ਸ਼ਹਿਰਾਂ ਦਾ ਕੂੜਾ, ਗੰਦਗੀ________ ਅਤੇ ਕੱਪੜੇ ਧੋਣ ਲਈ ਵਰਤੇ ਜਾਂਦੇ ਡਿਟਰਜੈਂਟ ਪਾਊਡਰਾਂ ਆਦਿ ਸਭ ਨੇ ਸਾਡੇ ਪਾਣੀ ਦੇ ਸੋਮਿਆਂ ਜਿਵੇਂ ਨਦੀਆਂ, ਝੀਲਾਂ________, ਸਮੁੰਦਰਾਂ ਅਤੇ ਧਰਤੀ ਦੇ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ__________ ਕਰ ਦਿੱਤਾ ਹੈ। ਗੰਦੇ ਪਾਣੀ ਕਾਰਨ ਪਾਣੀ ਵਿੱਚ ਰਹਿਣ ਵਾਲੇ ਜਾਨਵਰਾਂ ਦੀ ਹੋਂਦ ਖ਼ਤਰੇ ਵਿੱਚ ਪਈ ਹੋਈ ਹੈ। ਗੰਦੇ ਪਾਣੀ ਨਾਲ ਮਨੁੱਖਾਂ ਵਿੱਚ ਹੈਜ਼ਾ________ ਮਿਆਦੀ ਬੁਖ਼ਾਰ ਅਤੇ ਦਸਤ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ। ਪਾਣੀ ਵਿੱਚ ਯੂਰੇਨੀਅਮ ਵਰਗੇ ਤੱਤਾਂ ਦੀ ਜ਼ਿਆਦਾ ਮਾਤਰਾ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ।

**ਜਾਂ**

**<u>ਬੱਚਿਆਂ 'ਤੇ ਸਿਨਮੇ ਅਤੇ ਟੈਲੀਵੀਜ਼ਨ ਦੇ ਪ੍ਰਭਾਵ</u>**

**ਸਿਨਮਾ ਅਤੇ ਟੈਲੀਵੀਜ਼ਨ______________ ਦੇ ਪ੍ਰਭਾਵ ਸਦਕਾ ਅੱਜ ਦੇ ਵਿਦਿਆਰਥੀ ਫ਼ੈਸ਼ਨ_______ ਵੱਲ ਵਧੇਰੇ ਖਿੱਚੇ ਜਾ ਰਹੇ ਹਨ। ਸਕੂਲਾਂ ਵਿੱਚ ਨਿਯਮਾਂ ਅਨੁਸਾਰ ਵਰਦੀ__________ ਪਹਿਨਣਾ ਉਹਨਾਂ ਨੂੰ ਚੰਗਾ ਨਹੀਂ ਲੱਗਦਾ। ਸਾਦਗੀ______ ਅੱਜ ਦੇ ਵਿਦਿਆਰਥੀ ਦੇ ਜੀਵਨ ਵਿੱਚੋਂ ਮਨਫ਼ੀ_________ ਹੁੰਦੀ ਜਾ ਰਹੀ ਹੈ। ਕੁਝ ਸ਼ਰਾਰਤੀ ਲੋਕਾਂ ਦੇ ਢਹੇ ਚੜ੍ਹ ਕੇ ਕਈ ਵਿਦਿਆਰਥੀ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ। ਵਿਦਿਆਰਥੀ-ਜੀਵਨ ਵਿੱਚ ਹੀ ਨਸ਼ਿਆਂ____________ ਦੇ ਆਦੀ ਹੋਏ ਬੱਚੇ ਸਦਗੁਣਾਂ ਤੋਂ ਦੂਰ ਹੋ ਜਾਂਦੇ ਹਨ।**

18. ਆਪਣੇ ਮਿੱਤਰ ਨੂੰ ਕਿਸੇ ਪ੍ਰੀਖਿਆ ਵਿੱਚ ਮੋਹਰੀ ਦਰਜਾ ਪ੍ਰਾਪਤ ਕਰਨ 'ਤੇ ਵਧਾਈ ਪੱਤਰ ਲਿਖੋ। 7

**ਜਾਂ**

ਅਖ਼ਬਾਰ ਦੇ ਸੰਪਾਦਕ ਨੂੰ ਸੜਕ ਹਾਦਸਿਆਂ ਬਾਰੇ ਨਿਯਮਾਂ ਦੀ ਜਾਣਕਾਰੀ ਸੰਬੰਧੀ ਪੱਤਰ ਲਿਖੋ।

19. **ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖੋ:** 5

(ੳ) ਵਿਆਕਰਨ ਦੀ ਪਰਿਭਾਸ਼ਾ ਦਿਓ ?

(ਅ) ਕਾਲ ਦੀ ਪਰਿਭਾਸ਼ਾ ਦੇ ਕੇ ਉਦਾਹਰਨਾਂ ਲਿਖੋ।

20. **ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:** 2+2+2=6

ਮਰਨ ਦਾ ਡਰ ਹਰ ਇੱਕ ਨੂੰ ਚੰਬੜਿਆ ਹੋਇਆ ਹੈ। ਇਹ ਆਮ ਹੈ ਕਿ ਜਿੱਥੇ ਕਿਤੇ ਵੀ ਜਿੰਦ ਹੈ ,ਮਰਨ ਦਾ ਭੈ ਮੌਜੂਦ ਹੈ। ਨਿੱਕੇ ਤੋਂ ਨਿੱਕੇ ਕੀੜੇ ਨੂੰ ਵੀ ਹੋਰ ਭਾਵੇਂ ਗਿਆਨ ਹੋਵੇ ਜਾਂ ਨਾ ਪਰ ਜਾਨ ਬਚਾਉਣ ਦਾ ਡਰ ਉਸਨੂੰ ਹੈ। ਉਸਨੂੰ ਪਕੜਨ ਦਾ ਯਤਨ ਕਰੋ,ਉਹ ਆਪਣੇ ਵਿੱਤ ਮੁਜਬ ਭੱਜ ਨੱਸ ਕੇ ਜਰੂਰ ਬਚਾਓ ਦਾ ਉੱਦਮ ਕਰੇਗਾ। ਨਵੇਂ ਮਾਨਸਿਕ ਖੋਜੀਆਂ ਨੇ ਜੀਵਾਂ ਵਿੱਚ ਕਈ ਜਮਾਂਦਰੂ ਸੁਭਾਅ ਲੱਭੇ ਹਨ,ਜਿਨ੍ਹਾਂ ਵਿੱਚੋਂ ਵੱਡੀ ਸੁਭਾਵਿਕ ਪ੍ਰਵਿਰਤੀ 'ਡਰ' ਹੈ। 'ਡੰਡਾ ਪੀਰ ਹੈ ਵਿਗੜਿਆਂ - ਤਿਗੜਿਆਂ ਦਾ' -ਡੰਡੇ ਨੂੰ ਇਹ ਪੀਰੀ ਸਾਡੀ ਡਰ ਵਾਲੀ ਸੁਭਾਵਿਕ ਪ੍ਰਵਿਰਤੀ ਨੇ ਹੀ ਦਿੱਤੀ ਹੈ। ਇਹ ਡਰ ਕੀੜੇ,ਪੰਛੀ,ਪਸ਼ੂ,ਬੱਚੇ,ਬੁੱਢੇ,ਜੁਆਨ ਹਰ ਇੱਕ ਵਿੱਚ ਮੌਜੂਦ ਹੈ। ਇੱਕ ਦਿਨ ਦੇ ਬੱਚੇ ਨੂੰ ਗੋਦੀ ਵਿੱਚ ਲਓ ਤੇ ਜ਼ਰਾ ਬੁੱਕਲ ਤੋਂ ਝਟਕਾ ਦੇ ਕੇ ਬਾਹਰ ਨੂੰ ਧੱਕੋ,ਬੱਚਾ ਡਡਿਆ ਕੇ ਧਾਹਾਂ ਮਾਰਨ ਲੱਗ ਜਾਏਗਾ।

(ੳ) ਮਰਨ ਦਾ ਭੈ ਕਿੱਥੇ ਮੌਜੂਦ ਹੈ?

(ਅ) ਜਦੋਂ ਤੁਸੀਂ ਨਿੱਕੇ ਕੀੜੇ ਨੂੰ ਫੜਨ ਦਾ ਯਤਨ ਕਰਦੇ ਹੋ ,ਤਾਂ ਉਹ ਕੀ ਕਰਦਾ ਹੈ?

(ੲ) 'ਡੰਡੇ' ਨੂੰ ਪੀਰੀ ਦਾ ਦਰਜਾ ਕਿਉਂ ਪ੍ਰਾਪਤ ਹੈ?

21. **(ੳ) 'ਉੱਤਰ' ਸ਼ਬਦ ਦੇ ਦੋ ਵੱਖ-ਵੱਖ ਅਰਥ ਦਰਸਾਉਂਦੇ ਵਾਕ ਬਣਾਓ।** 2

**(ਅ) 'ਅਕਲ' ਸ਼ਬਦ ਦੇ ਦੋ ਸਮਾਨਾਰਥਕ ਸ਼ਬਦ ਲਿਖੋ।** 2

**(ੲ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** 2

ਜਿਹੜਾ ਕਿਸੇ ਦੀ ਕੀਤੀ ਨੇਕੀ ਨਾ ਜਾਣੇ।